**ਇਹ ਤੱਥ ਪੱਤਰ ਮਾਡੇਰਾ, ਨਾਪਾ, ਨੇਵਾਡਾ, ਸੈਨ ਮੈਟਿਓ ਅਤੇ ਸੈਕਰਾਮੈਂਟੋ ਕਾਉਂਟੀਆਂ ਲਈ ਨਹੀਂ ਹੈ।**

**ਜਾਣੋ ਆਪਣੇ**

# ਵੋਟਿੰਗ ਅਧਿਕਾਰ

**ਕੀ ਮੈਂ ਇਸ ਚੋਣਾਂ ਵਿੱਚ ਵੋਟ ਪਾ ਸਕਦਾ ਹਾਂ? ਮੈਂ ਸ਼ੁਰੂਆਤ ਕਿੱਥੋਂ ਕਰਾਂ?**

ਕਿਸੇ ਚੋਣ ਵਿੱਚ ਵੋਟ ਪਾਉਣ ਲਈ, ਤੁਹਾਨੂੰ ਪਹਿਲਾਂ ਵੋਟ ਪਾਉਣ ਲਈ "ਰਜਿਸਟਰ" ਕਰਨਾ ਚਾਹੀਦਾ ਹੈ[

ਤੁਸੀਂ ਰਜਿਸਟਰ ਕਰ ਸਕਦੇ ਹੋ ਜੇ ਤੁਸੀਂ:

- ਇੱਕ ਅਮਰੀਕੀ ਨਾਗਰਿਕ ਹੋ;
- ਕੈਲੀਫੋਰਨੀਆ ਦੇ ਨਿਵਾਸੀ ਹੋ;
- ਚੋਣਾਂ ਵਾਲੇ ਦਿਨ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋ ਜਾਉਗੇ;
- ਇਸ ਵੇਲੇ ਕਿਸੇ ਕੈਦ ਜਾਂ ਪੈਰੋਲ 'ਤੇ ਨਹੀਂ ਹੋ, ਜਾਂ ਕਿਸੇ ਗੰਭੀਰ ਅਪਰਾਧ ਦੀ ਸਜ਼ਾ ਤਾਂ ਨਹੀਂ ਭੁਗਤ ਰਹੇ ; ਅਤੇ
- ਕਿਸੇ ਅਦਾਲਤ ਦੁਆਰਾ ਮਾਨਸਿਕ ਤੌਰ ‘ਤੇ ਅਯੋਗ ਨਹੀਂ ਪਾਏ ਗਏ ਹੋ

**ਮੈਂ ਵੋਟ ਪਾਉਣ ਲਈ ਕਿਵੇਂ ਰਜਿਸਟਰ ਕਰ ਸਕਦੇ ਹੋ?**

ਵੋਟ ਪਾਉਣ ਲਈ ਰਜਿਸਟਰ ਹੋਣ ਦੀ ਸਮਾਂ ਸੀਮਾ ਚੋਣਾਂ ਤੋਂ 15 ਦਿਨ ਪਹਿਲਾਂ ਦੀ ਹੈ: ਅਕਤੂਬਰ 22, 2018

ਤੁਸੀਂ ਰਜਿਸਟਰ ਕਰ ਸਕਦੇ ਹੋ:

- ਔਨਲਾਈਨ www.registertovote.ca.gov ਤੇ;
- ਡੀਐਮਵੀ, ਪੋਸਟ ਆਫਿਸ, ਲਾਇਬ੍ਰੇਰੀ, ਜਾਂ ਤੁਹਾਡੀ ਕਾਉਂਟੀ ਦੇ ਚੋਣ ਦਫਤਰ ਵਿਖੇ; ਜਾਂ
- ਵੋਟਰ ਰਜਿਸਟ੍ਰੇਸ਼ਨ ਫਾਰਮ ਲਈ 800-345-VOTE (8683) ‘ਤੇ ਕਾਲ ਕਰਕੇ

**ਜੇ ਮੈਂ ਨਹੀਂ ਜਾਣਦਾ ਕਿ ਮੈਂ ਵੋਟ ਪਾਉਣ ਲਈ ਪਹਿਲਾਂ ਰਜਿਸਟਰਡ ਹਾਂ ਕਿ ਨਹੀਂ ?**

ਤੁਸੀਂ ਇਹ ਵੇਖਣ ਲਈ ਕਿ ਰਜਿਸਟਰ ਹੋ ਕਿ ਨਹੀਂ ਔਨਲਾਈਨ https://voterstatus.sos.ca.gov 'ਤੇ ਚੈੱਕ ਕਰ ਸਕਦੇ ਹੋ। ਜੇ ਤੁਹਾਨੂੰ ਯਕੀਨ ਨਹੀਂ ਹੈ ਤਾਂ ਤੁਸੀਂ ਹਮੇਸ਼ਾ ਦੁਬਾਰਾ ਰਜਿਸਟਰ ਕਰ ਸਕਦੇ ਹੋ। ਜੇਕਰ ਤੁਹਾਡਾ ਨਾਂ ਜਾਂ ਪਤਾ ਬਦਲ ਗਿਆ ਹੈ ਤਾਂ ਤੁਹਾਨੂੰ ਵੋਟ ਪਾਉਣ ਲਈ ਦੁਬਾਰਾ ਰਜਿਸਟਰ ਕਰਾਉਣਾ ਪਵੇਗਾ।

ASIAN AMERICANS
ADVANCING
JUSTICE
CALIFORNIA

## ਕੈਲੀਫੋਰਨੀਆ 2018

**ਆਮ ਚੋਣਾਂ**

**ਮੰਗਲਵਾਰ, 6 ਨਵੰਬਰ, 2018**

**ਵੋਟਰ ਰਜਿਸਟਰੇਸ਼ਨ ਦੀ ਆਖਰੀ ਤਾਰੀਖ**

**ਸੋਮਵਾਰ, 22 ਅਕਤੂਬਰ, 2018**

**ਜੇ ਵੋਟਰ ਰਜਿਸਟਰੇਸ਼ਨ ਦੀ ਆਖਰੀ ਤਾਰੀਖ ਲੰਘ ਜਾਵੇ ?**

ਜੇ ਤੁਸੀਂ ਵੋਟਰ ਰਜਿਸਟਰੇਸ਼ਨ ਦੀ ਆਖਰੀ ਤਾਰੀਖ 22 ਅਕਤੂਬਰ 2018 ਲੰਘਾ ਦਿੰਦੇ ਹੋ, ਤੁਸੀਂ "ਕੰਡੀਸ਼ਨਲ ਵੋਟਰ ਰਜਿਸਟਰੇਸ਼ਨ (ਸੀਵੀਆਰ )" ਦੁਆਰਾ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ, ਜੋ ਤੁਹਾਨੂੰ ਆਖਰੀ ਤਾਰੀਖ ਤੋਂ ਬਾਅਦ ਵੀ ਇੱਕੋ ਸਮੇਂ ਰਜਿਸਟਰ ਅਤੇ ਵੋਟ ਪਾਉਣ ਦੀ ਇਜਾਜ਼ਤ ਦਿੰਦਾ ਹੈ। ਆਪਣੀ ਕਾਉਂਟੀ ਵਿੱਚ ਕਿਸੇ ਵੀ ਵੋਟ ਕੇਂਦਰ ਵਿੱਚ ਜਾਉ, ਵੋਟ ਪਾਉਣ ਲਈ ਰਜਿਸਟਰ ਹੋਵੋ, ਅਤੇ ਫਿਰ ਵੋਟ ਪਾਉ। ਸੀਵੀਆਰ ਸਿਰਫ ਤੁਹਾਡੀ ਕਾਉਂਟੀ ਚੋਣ ਦਫਤਰ ਸਮੇਤ ਸੀਮਤ ਕਾਉਂਟੀ ਸਥਾਨਾਂ ਤੇ ਉਪਲਬਧ ਹੈ। ਆਪਣੇ ਕਾਉਂਟੀ ਚੋਣ ਦਫਤਰ (www.sos.ca.gov/county-elections-offices) ਨਾਲ ਸੰਪਰਕ ਕਰਕੇ ਪਤਾ ਕਰੋ ਕਿ ਸੀਵੀਆਰ ਦੀ ਸੁਵਿਧਾ ਉਪਲਬਧ ਹੈ ਕਿ ਨਹੀਂ।

**ਕੀ ਮੈਨੂੰ ਸਿਆਸੀ ਪਾਰਟੀ ਦੀ ਚੋਣ ਕਰਨੀ ਪਵੇਗੀ ?**

ਨਹੀਂ, ਜੇ ਤੁਸੀਂ ਇੱਕ ਆਜ਼ਾਦ ਵੋਟਰ ਵਜੋਂ ਚਾਹੁੰਦੇ ਹੋ ਤਾਂ ਤੁਸੀਂ "ਕੋਈ ਪਾਰਟੀ ਪਸੰਦ ਨਹੀਂ" ਨਾਲ ਰਜਿਸਟਰ ਕਰ ਸਕਦੇ ਹੋ ਜਾਂ ਉਸ ਹਿੱਸੇ ਨੂੰ ਖਾਲੀ ਛੱਡ ਸਕਦੇ ਹੋ। ਧਿਆਨ ਰੱਖੋ: ਅਮਰੀਕੀ ਇੰਡਿਪੈਂਡੈਂਟ ਪਾਰਟੀ ਨਾਲ ਰਜਿਸਟਰ ਕਰਨਾ ਇੱਕ ਆਜ਼ਾਦ ਵੋਟਰ ਦੇ ਤੌਰ ‘ਤੇ ਰਜਿਸਟਰ ਕਰਾਉਣ ਦੇ ਬਰਾਬਰ ਨਹੀਂ ਹੈ।

**ਮੈਂ ਚੋਣ ਦਿਵਸ 'ਤੇ ਵੋਟ ਕਿਵੇਂ ਕਰਾਂ ?**

ਚੋਣ ਦਿਵਸ ਮੰਗਲਵਾਰ 6 ਨਵੰਬਰ, 2018 ਹੈ। ਚੋਣਾਂ ਸਵੇਰੇ 7 ਵਜੇ ਤੋਂ 8 ਵਜੇ ਖੁੱਲ੍ਹੀਆਂ ਹੋਣਗੀਆਂ। ਆਪਣੇ ਵੋਟ ਕੇਂਦਰ ਵਿੱਚ ਜਾਉ, ਮੇਨ ਟੇਬਲ ਲੱਭੋ, ਅਤੇ ਸਟਾਫ (ਜਿਸ ਨੂੰ "ਪੋਲ ਵਰਕਰ" ਕਹਿੰਦੇ ਹਨ) ਅਪਣਾ ਨਾਮ ਅਤੇ ਪਤਾ ਦੱਸੋ। ਪੋਲ ਵਰਕਰ ਨੂੰ ਪੁੱਛੋ ਕਿ ਕੀ ਤੁਹਾਡੀ ਪਸੰਦੀਦਾ ਭਾਸ਼ਾ ਵਿੱਚ ਬੈਲਟ ਉਪਲਬਧ ਹੈ ਕਿ ਨਹੀਂ।

**ਮੈਂ ਵੋਟ ਕਿੱਥੇ ਪਾਵਾਂ ?**

ਕਾਉਂਟੀ ਵੋਟਰ ਜਾਣਕਾਰੀ ਗਾਈਡ (ਜਿਸ ਨੂੰ "ਨਮੂਨਾ ਬੈਲਟ" ਵਜੋਂ ਵੀ ਜਾਣਿਆ ਜਾਂਦਾ ਹੈ) ਜਿਹੜੀ ਕਿ ਚੋਣ ਤੋਂ ਪਹਿਲਾਂ ਤੁਹਾਨੂੰ ਆਪਣੇ ਕਾਉਂਟੀ ਚੋਣ ਦਫਤਰ ਤੋਂ ਪ੍ਰਾਪਤ ਹੋਵੇਗਾ, ਤੁਹਾਡੇ ਨਿਰਧਾਰਤ ਚੋਣ ਕੇਂਦਰ (ਵੋਟ ਸੈਂਟਰ ) ਸੰਬੰਧੀ ਜਾਣਕਾਰੀ ਦੇਵੇਗਾ। ਤੁਸੀਂ ਆਪਣੇ ਚੋਣ ਕੇਂਦਰ ਨੂੰ ਇੰਟਰਨੈਟ ਉੱਤੇ www.sos.ca.gov/elections/polling-place 'ਤੇ ਵੀ ਲੱਭ ਸਕਦੇ ਹੋ।

**ਸਹਾਇਤਾ ਲਈ ਕੈਲੀਫੋਰਨੀਆ ਦੇ ਮੁੱਖ ਚੋਣ ਅਫਸਰਾਂ ਨੂੰ ਕਾਲ ਕਰਨ ਲਈ ਨੰਬਰ: 800-345-VOTE (8683).**

## ਇਹ ਤੱਥ ਪੱਤਰ ਮਾਡੇਰਾ, ਨਾਪਾ, ਨੇਵਾਡਾ, ਸੈਨ ਮੈਟਿਓ ਅਤੇ ਸੈਕਰਾਮੈਂਟੋ ਕਾਉਂਟੀਆਂ ਲਈ ਨਹੀਂ ਹੈ।

**ਕੀ ਵੋਟਿੰਗ ਕਰਨ ਵੇਲੇ ਮੈਨੂੰ ਆਪਣਾ ਪਛਾਣ ਪੱਤਰ ਦਿਖਾਉਣ ਦੀ ਜ਼ਰੂਰਤ ਹੈ ?**

ਤੁਹਾਨੂੰ ਸਿਰਫ ਕੈਲੀਫੋਰਨੀਆ ਵਿਚ ਵੋਟ ਪਾਉਣ ਤੋਂ ਪਹਿਲਾਂ ਪਛਾਣ ਪੱਤਰ ਦਿਖਾਉਣ ਦੀ ਲੋੜ ਹੈ ਅਗਰ ਤੁਸੀਂ ਇਹ ਪਛਾਣ ਪੱਤਰ ਰਜਿਸਟ੍ਰੇਸ਼ਨ ਕਰਵਾਉਣ ਵੇਲੇ ਨਹੀਂ ਦਿੱਤੇ। ਰਜਿਸਟਰ ਕਰਨ ਵੇਲੇ ਬਹੁਤ ਸਾਰੇ ਦਸਤਾਵੇਜ਼ ਪਛਾਣ ਲਈ ਕਾਫ਼ੀ ਹੋਣਗੇ। ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਤੁਸੀਂ ਪਹਿਲੇ ਹੀ ਆਪਣੀ ਚੋਣ ਦਫਤਰ ਨੂੰ ਕਾਲ ਕਰੋ।

**ਕੀ ਮੈਂ ਵੋਟ ਪਾਉਣ ਲਈ ਕਿਸੇ ਨੂੰ ਨਾਲ ਲਿਆ ਸਕਦਾ ਹਾਂ ?**

ਹਾਂ, ਕੈਲੀਫੋਰਨੀਆ ਦਾ ਕਾਨੂੰਨ ਤੁਹਾਨੂੰ ਇਸ ਦੀ ਇਜਾਜ਼ਤ ਦਿੰਦਾ ਹੈ ਕਿ ਤੁਸੀਂ ਵੋਟ ਪਾਉਣ ਵੇਲੇ ਮਦਦ ਕਰਨ ਲਈ ਵੱਧ ਤੋਂ ਵੱਧ ਦੋ ਵਿਅਕਤੀਆਂ ਨੂੰ ਨਾਲ ਲਿਆ ਸਕਦੇ ਹੋ, ਜਿੰਨਾ ਚਿਰ ਉਹ ਤੁਹਾਡੇ ਕੰਮ ਨਾਲ ਸੰਬੰਧਿਤ ਨਾ ਹੋਣ ਜਾਂ ਤੁਹਾਡੀ ਯੂਨੀਅਨ ਦੀ ਨੁਮਾਇੰਦਗੀ ਨਹੀਂ ਕਰਦੇ ਹੋਣ। ਕੋਸ਼ਿਸ਼ ਕਰੋ ਕਿ ਮਦਦ ਲਈ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਨਾਲ ਲਿਆਉ।

**ਜੇ ਮੈਨੂੰ ਵੋਟ ਸੈਂਟਰ 'ਤੇ ਕੋਈ ਸਮੱਸਿਆ ਆਵੇ ਤਾਂ ਕੀ ਕਰਨਾ ਚਾਹੀਦਾ ਹੈ ?**

ਕਦੀ ਹੌਂਸਲਾ ਨਾ ਛੱਡੋ ! ਜੇ ਚੋਣ ਕਰਮਚਾਰੀ ਕੋਈ ਸਮੱਸਿਆ ਦੱਸਦੇ ਹਨ ਤਾਂ ਆਰਜ਼ੀ ਬੈਲਟ ਮੰਗੋ ਜੋ ਕਿ ਸਥਾਈ ਵੋਟ ਹੈ ਪਰ ਚੋਣ ਤੋਂ ਬਾਅਦ ਚੋਣ ਅਧਿਕਾਰੀ ਵੱਲੋਂ ਯੋਗਤਾ ਜਾਂਚਣ ਬਾਦ ਗਿਣੀ ਜਾਵੇਗੀ ਜਾਂ, ਚੋਣ ਦਿਵਸ 'ਤੇ ਵੋਟਰ ਲਈ ਬਣਾਈ ਸੁਰੱਖਿਆ ਹੌਟਲਾਈਨ ਨੂੰ ਕਾਲ ਕਰੋ

- 866-OUR-VOTE (866-687-8683) ਅੰਗਰੇਜ਼ੀ ਵਿੱਚ ਸਹਾਇਤਾ ਲਈ
- 888-API-VOTE (888-274-8683) ਅੰਗਰੇਜ਼ੀ ਅਤੇ ਏਸ਼ਿਆਈ ਭਾਸ਼ਾਵਾਂ ਵਿੱਚ ਸਹਾਇਤਾ ਲਈ
- 888-Ve-Y-Vota (888-839-8682) NALEO ਐਜੂਕੇਸ਼ਨਲ ਫੰਡ ਟੋਲ-ਫਰੀ ਦੋਭਾਸ਼ੀ ਅੰਗਰੇਜ਼ੀ-ਸਪੈਨਿਸ਼ ਹੌਟਲਾਈਨ.

**ਮੈਂ ਡਾਕ ਦੁਆਰਾ ਵੋਟ ਕਿਵੇਂ ਕਰਾਂ?**

ਅਪਣਾ ਵੋਟ ਰਜਿਸਟਰ ਕਰਦੇ ਵਕਤ ਤੁਸੀਂ ਡਾਕ ਰਾਹੀਂ ਵੋਟ (ਵੋਟ-ਬਾਈ -ਮੇਲ) ਪਾਉਣ ਲਈ ਨਾਮ ਦਰਜ ਕਰ ਸਕਦੇ ਹੋ। ਜੇ ਤੁਸੀਂ ਪਹਿਲਾਂ ਹੀ ਰਜਿਸਟਰ ਕੀਤਾ ਹੈ, ਤਾਂ ਤੁਸੀਂ ਵੋਟ-ਬਾਈ -ਮੇਲ ਐਪਲੀਕੇਸ਼ਨ (ਅਰਜ਼ੀ) www.sos.ca.gov/elections/voter-registration/vote-mail ਤੋਂ ਡਾਉਨਲੋਡ ਕਰ ਸਕਦੇ ਹੋ। ਜੇ ਤੁਸੀਂ ਡਾਕ ਦੁਆਰਾ ਵੋਟ ਪਾਉਣ ਲਈ ਨਾਮ ਦਰਜ ਕਰਦੇ ਹੋ, ਤਾਂ ਕਾਉਂਟੀ ਚੋਣ ਦਫਤਰ ਤੁਹਾਨੂੰ ਚੋਣ ਦਿਵਸ ਤੋਂ ਇੱਕ ਮਹੀਨੇ ਪਹਿਲਾਂ ਇੱਕ ਬੈਲਟ ਡਾਕ ਦੁਆਰਾ ਭੇਜੇਗਾ।

**ਮੇਰੀ ਵੋਟ- ਬਾਈ--ਮੇਲ ਬੈਲਟ ਦੀ ਵਾਪਸੀ ਲਈ ਆਖਰੀ ਤਾਰੀਖ ਕੀ ਹੈ?**

ਜੇ ਤੁਸੀਂ ਆਪਣਾ ਵੋਟ ਡਾਕ ਰਾਹੀਂ ਕਰਦੇ ਹੋ, ਤਾਂ ਇਹ ਚੋਣ ਦੇ ਦਿਨ ਤੱਕ ਪੋਸਟਮਾਰਕ ਹੋ ਜਾਣਾ ਚਾਹੀਦਾ ਹੈ। ਤੁਸੀਂ ਚੋਣ ਵਾਲੇ ਦਿਨ ਵੀ 8 ਵਜੇ ਤੋਂ ਪਹਿਲਾਂ ਆਪਣੀ ਕਾਉਂਟੀ ਵਿੱਚ ਕਿਸੇ ਵੀ ਵੋਟ ਕੇਂਦਰ ਜਾਂ ਡ੍ਰੌਪ ਬਾਕਸ ਵਿੱਚ ਆਪਣਾ ਬੈਲਟ ਪਾ ਸਕਦੇ ਹੋ। ਅਪਣੇ ਵੋਟ-ਬਾਈ -ਮੇਲ 'ਤੇ ਹਸਤਾਖਰ ਕਰਨਾ ਅਤੇ ਤਾਰੀਖ ਲਿਖਣਾ ਯਾਦ ਰੱਖੋ ਤਾਂਕਿ ਇਸ ਨੂੰ ਗਿਣਤੀ ਵਿਚ ਸ਼ਾਮਿਲ ਕੀਤਾ ਜਾ ਸਕੇ।

**ਕੀ ਮੈਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਵੀ ਵੋਟ ਪਾ ਸਕਾਂਗਾ?**

ਭਾਸ਼ਾ ਸਹਾਇਤਾ ਹਰ ਕਾਉਂਟੀ ਲਈ ਵੱਖਰੀ ਹੈ। ਚੋਣ ਵਾਲੇ ਦਿਨ ਵੋਟਿੰਗ ਸਥਾਨ 'ਤੇ ਪੁੱਛੋ ਕਿ ਤੁਹਾਡੀ ਪਸੰਦੀਦਾ ਭਾਸ਼ਾ ਵਿਚ ਅਨੁਵਾਦ ਕੀਤੀ ਗਈ ਸਮੱਗਰੀ ਉਪਲਬਧ ਹੈ ਅਤੇ ਜੇਕਰ ਸਟਾਫ ਮੌਜੂਦ ਹੈ ਤਾਂ ਤੁਹਾਡੀ ਪਸੰਦੀਦਾ ਭਾਸ਼ਾ ਬੋਲਦਾ ਹੈ ਕਿ ਨਹੀਂ। ਕੁਝ ਭਾਸ਼ਾਵਾਂ ਜਿਨ੍ਹਾਂ ਵਿੱਚ ਤੁਹਾਡੀ ਕਾਉਂਟੀ ਸੰਭਾਵੀ ਤੌਰ 'ਤੇ ਤੁਹਾਡੀ ਮਦਦ ਕਰ ਸਕਦੀ ਹੈ:
ਅਰਬੀ , ਅਰਮੀਨੀਅਨ, ਅਸਸੀਰੀਅਨ (ਸੀਰੀਅਕ), ਕੰਬੋਡੀਅਨ / ਖਾਮੇਰ, ਚੀਨੀ, ਫਾਰਸੀ , ਫਿਲੀਪੀਨੋ / ਤਾਗਾਲੋਗ, ਹਮੋਂਗ, ਇਲੋਕਾਨੋ, ਕੋਰੀਅਨ, ਪੰਜਾਬੀ, ਸਪੈਨਿਸ਼, ਵੀਅਤਨਾਮੀ। ਇਸ ਤੋਂ ਇਲਾਵਾ ਸਿਰਫ ਲੋਸ ਐਂਜਲਸ ਇਲਾਕੇ ਵਿਚ ਜਾਪਾਨੀ, ਹਿੰਦੀ ਅਤੇ ਥਾਈ ਵਿੱਚ ਵੀ ਸੰਭਾਵੀ ਮਦਦ ਮਿਲ ਸਕਦੀ ਹੈ।

**ਵਿਸ਼ੇਸ਼ ਕਾਉਂਟੀਜ**

ਮਡੇਰਾ, ਨਾਪਾ, ਨੇਵਾਡਾ, ਸੈਕਰਾਮੈਂਟੋ ਅਤੇ ਸਾਨ ਮੈਟਿਓ ਕਾਉਂਟੀਜ਼ ਵੋਟਰਜ਼ ਚੋਇਸ ਐਕਟ ਦੇ ਤਹਿਤ ਇਕ ਨਵਾਂ ਵੋਟਿੰਗ ਪ੍ਰਣਾਲੀ ਸਥਾਪਤ ਕਰ ਰਹੇ ਹਨ ! ਤੁਸੀਂ ਹੇਠਾਂ ਦਿੱਤੀਆਂ ਸੰਸਥਾਵਾਂ ਨਾਲ ਸੰਪਰਕ ਕਰਕੇ ਇਸ ਨਵੇਂ ਵੋਟਿੰਗ ਪ੍ਰਣਾਲੀ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ !

ASIAN AMERICANS ADVANCING JUSTICE CALIFORNIA

**ਏਸ਼ੀਅਨ ਅਮਰੀਕਨ ਐਡਵਾਂਸਿੰਗ ਜਸਟਿਸ - ਕੈਲੀਫੋਰਨੀਆ:** ਏਸ਼ੀਅਨ ਅਮਰੀਕਨ, ਲੈਟਿਨੋ ਅਤੇ ਇਮੀਗ੍ਰੈਂਟ ਦੇ ਵੋਟਿੰਗ ਅਧਿਕਾਰਾਂ ਦੀ ਰੱਖਿਆ ਕਰਦਾ ਹੈ।

**ਏਸ਼ੀਅਨ ਅਮਰੀਕਨ ਐਡਵਾਂਸਿੰਗ ਜਸਟਿਸ - ਏਸ਼ੀਅਨ ਲਾਅ ਕਾੱਕਸ:** 55 ਕੋਲੰਬਸ ਐਵਨਿਊ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94111; www.advancingjustice-alc.org (415) 896-1701; ਜੋਨਾਥਨ ਸਟਿਨ, ਸਟਾਫ ਅਟਾਰਨੀ ਅਤੇ ਪ੍ਰੋਗਰਾਮ ਮੈਨੇਜਰ, ਵੋਟਿੰਗਰਾਈਟਸ ਪ੍ਰੋਗਰਾਮ:jonathans@advancingjustice-alc.org

**ਏਸ਼ੀਆਈ ਅਮਰੀਕਨ ਐਡਵਾਂਸਿੰਗ ਜਸਟਿਸ - ਲੋਸ ਐਂਜਲਸ:** 1145 ਵਿਲਸ਼ਰ ਬਲਵੀਡ, ਲੋਸ ਐਂਜਲਸ, ਕੈਲੀਫੋਰਨੀਆ 90017 www.advancingjustice-la.org (213) 977-7500;
ਡੈਨਾ ਕਿਟਾਮੁਰਾ, ਪ੍ਰਾਜੈਕਟ ਡਾਇਰੈਕਟਰ, ਵੋਟਿੰਗ ਰਾਈਟਸ ਪ੍ਰਾਜੈਕਟ: dkitamura@advancingjustice-alc.org

**ਸਹਾਇਤਾ ਲਈ ਕੈਲੀਫੋਰਨੀਆ ਦੇ ਮੁੱਖ ਚੋਣ ਅਫਸਰਾਂ ਨੂੰ ਕਾਲ ਕਰਨ ਲਈ ਨੰਬਰ: 800-345-VOTE (8683).**